# Punjab Government Gazette

## EXTRAORDINARY

*Published by Authority*

CHANDIGARH, SATURDAY , NOVEMBER 29, 2025 (AGRAHAYANA 8, 1947 SAKA)


**ਪੰਜਾਬ ਸਰਕਾਰ**

ਸਥਾਨਕ ਸਰਕਾਰ ਵਿਭਾਗ, ਪੰਜਾਬ

(ਸਥਾਨਕ ਸਰਕਾਰ- 1 ਸ਼ਾਖਾ)

**ਨੋਟੀਫਿਕੇਸ਼ਨ**

ਮਿਤੀ 28 ਨਵੰਬਰ, 2025

**ਨੰ:06/11/2021-2ਸਸ1/802.-** ਨਗਰ ਨਿਗਮ, ਐਸ.ਏ.ਐਸ. ਨਗਰ ਦੇ ਹਾਊਸ ਵੱਲੋਂ ਮਤਾ ਨੰ: 25 ਮਿਤੀ 28.06.2021 ਰਾਹੀਂ ਨਗਰ ਨਿਗਮ, ਐਸ.ਏ.ਐਸ. ਨਗਰ ਦੀਆਂ ਹੱਦਾਂ ਦੇ ਨਾਲ ਲੱਗਦੇ ਏਰੀਏ/ਪਿੰਡਾਂ/ਸੈਕਟਰਾਂ ਨੂੰ ਉਹਨਾਂ ਦੇ ਸਰਵ-ਪੱਖੀ ਵਿਕਾਸ ਲਈ ਨਗਰ ਨਿਗਮ, ਐਸ.ਏ.ਐਸ. ਨਗਰ ਦੀ ਹਦੂਦ ਅੰਦਰ ਲੈਣ ਦਾ ਫੈਸਲਾ ਕੀਤਾ ਗਿਆ ਸੀ, ਜਿਸ ਨੂੰ ਵਿਚਾਰਨ ਤੋਂ ਬਾਅਦ ਸਰਕਾਰ ਵੱਲੋਂ ਅਧਿਸੂਚਨਾ ਨੰ: 06/11/2021-2ਸਸ1/1603-1605 ਮਿਤੀ 13.12.2021 ਜਾਰੀ ਕਰਦੇ ਹੋਏ ਆਮ ਜਨਤਾ ਪਾਸੋਂ ਇਤਰਾਜ ਮੰਗੇ ਗਏ ਸਨ। ਇਸ ਕਾਰਵਾਈ ਦੌਰਾਨ ਕਮਿਸ਼ਨਰ ਨਗਰ ਨਿਗਮ, ਐਸ.ਏ.ਐਸ. ਨਗਰ, ਮੁੱਖ ਪ੍ਰਸ਼ਾਸ਼ਕ ਗਮਾਡਾ ਅਤੇ ਡਿਪਟੀ ਕਮਿਸ਼ਨਰ, ਐਸ.ਏ.ਐਸ. ਨਗਰ ਵੱਲੋਂ ਸਾਂਝੇ ਤੌਰ ਤੇ ਭੇਜੀ ਗਈ ਤਾਜਾ ਸਥਿਤੀ ਦੀ ਰਿਪੋਰਟ ਨੂੰ ਵਿਚਾਰਦੇ ਹੋਏ, ਨਗਰ ਨਿਗਮ ਐਸ.ਏ.ਐਸ. ਨਗਰ ਦੀਆਂ ਨਵੀਆਂ ਸ਼ਡਿਊਲ ਆਫ਼ ਬਾਊਂਡਰੀ ਅਨੁਸਾਰ, ਮਿਊਂਸਪਲ ਹੱਦਾਂ ਵਿਚ ਵਾਧਾ ਕਰਨ ਸਬੰਧੀ ਫੈਸਲਾ ਲਿਆ ਗਿਆ ਅਤੇ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 03(6) ਅਧੀਨ ਅਧਿਸੂਚਨਾ ਨੰ: 06/11/2021- 2ਸਸ1/ 1603-1605 ਮਿਤੀ 13.12.2021 ਦੀ ਅਧਿਲੰਘਣਾ ਕਰਦੇ ਹੋਏ, ਨਵੀਂ ਮੁੱਢਲੀ ਅਧਿਸੂਚਨਾ ਨੰ: 06/11/2021-2ਸਸ1/673-674 ਮਿਤੀ 21.10.2025 ਜਾਰੀ ਕੀਤੀ ਗਈ, ਜਿਸ ਰਾਹੀਂ ਆਮ ਜਨਤਾ ਤੋਂ ਇਸ ਸਬੰਧੀ ਇਤਰਾਜ/ਸੁਝਾਅ ਮੰਗੇ ਗਏ।

2. ਇਸ ਮੁੱਢਲੀ ਅਧਿਸੂਚਨਾ ਦੇ ਸਬੰਧ ਵਿੱਚ ਆਮ ਜਨਤਾ ਅਤੇ ਵੱਖ-ਵੱਖ ਧਿਰਾਂ ਵੱਲੋਂ ਆਪੋ-ਆਪਣੇ ਰਿਹਾਇਸ਼ੀ ਇਲਾਕਿਆਂ (ਸੈਕਟਰਾਂ / ਪੈਰੋਜੈਕਟਾਂ / ਪਿੰਡਾਂ) ਨੂੰ ਨਗਰ ਨਿਗਮ, ਐਸ.ਏ.ਐਸ. ਨਗਰ ਦੀ ਹੱਦ ਵਿੱਚ ਸ਼ਾਮਲ ਕਰਨ ਸਬੰਧੀ ਕਈ ਇਤਰਾਜ ਪ੍ਰਾਪਤ ਹੋਏ। ਇਹਨਾਂ ਇਤਰਾਜਾਂ ਦੇ ਹੱਲ ਵਾਸਤੇ, ਵਧੀਕ ਮੁੱਖ ਸਕੱਤਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਕਮਿਸ਼ਨਰ, ਨਗਰ ਨਿਗਮ, ਐਸ.ਏ.ਐਸ. ਨਗਰ ਦੇ ਨਾਲ, ਇਹਨਾਂ ਇਤਰਾਜਕਰਤਾਵਾਂ ਨੂੰ ਮਿਤੀ 20.11.2025 ਨੂੰ ਨਿੱਜੀ ਤੌਰ ਤੇ ਸੁਣਵਾਈ ਦਿੱਤੀ ਗਈ। ਇਸ ਸੁਣਵਾਈ ਦੌਰਾਨ ਇਤਰਾਜਕਰਤਾਵਾਂ ਵੱਲੋਂ ਐਸ.ਏ.ਐਸ. ਨਗਰ ਵਿੱਚ ਪੈਂਦੇ ਕਈ ਇਲਾਕਿਆਂ ਨੂੰ ਨਗਰ ਨਿਗਮ ਦੀ ਹੱਦ ਵਿੱਚ ਸ਼ਾਮਲ ਕਰਨ ਸਬੰਧੀ ਇਤਰਾਜ/ਸੁਝਾਅ ਦਿੱਤੇ ਗਏ। ਇਹਨਾਂ ਸਾਰੇ ਇਤਰਾਜਾਂ/ਸੁਝਾਵਾਂ ਨੂੰ ਸਮਰੱਥ ਅਥਾਰਟੀ ਦੇ ਪੱਧਰ ਤੇ ਜ਼ਮੀਨੀ ਨਿਰੰਤਰਤਾ ਦੇ ਸਿਧਾਂਤ ਅਤੇ ਹੋਰ ਤਰਕਾਂ ਅਨੁਸਾਰ ਗਹੁ ਨਾਲ ਵਿਚਾਰਦੇ ਹੋਏ ਇਹਨਾਂ ਤੇ ਯੋਗ ਫੈਸਲਾ ਲਿਆ ਗਿਆ।

3. ਇਸ ਤਰ੍ਹਾਂ, ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 3 ਤਹਿਤ ਨਗਰ ਨਿਗਮ, ਐਸ.ਏ.ਐਸ. ਨਗਰ ਦੀਆਂ ਹੱਦਾਂ ਵਿੱਚ ਹੇਠਾਂ ਦਰਸਾਈ ਸ਼ਡਿਊਲ ਆਫ਼ ਬਾਊਂਡਰੀ ਅਨੁਸਾਰ ਵਾਧਾ ਕਰਨ ਦੀ

ਪ੍ਰਵਾਨਗੀ ਦਿੰਦੇ ਹਨ ਅਤੇ ਨਗਰ ਨਿਗਮ, ਐਸ.ਏ.ਐਸ. ਨਗਰ ਦੀਆਂ ਨਵੀਆਂ ਹੱਦਾਂ ਹੇਠ ਲਿਖੇ ਅਨੁਸਾਰ ਪ੍ਰਕਾਸ਼ਿਤ ਕਰਦੇ ਹਨ:-

ਸ਼ਡਿਊਲ ਆਫ ਬਾਊਂਡਰੀ

ਨਗਰ ਨਿਗਮ, ਐਸ.ਏ.ਐਸ.ਨਗਰ (ਮੋਹਾਲੀ) ਦੀ ਹਦੂਦ ਸਬੰਧੀ ਸ਼ਡਿਊਲ ਆਫ ਬਾਊਂਡਰੀ।

**ਉੱਤਰ:-** ਬਿੰਦੂ A ਜੋ ਕਿ ਨਗਰ ਨਿਗਮ ਦੀ ਮੌਜੂਦਾ ਹਦੂਦ ਵਿੱਚ ਪੈਂਦੇ ਸੈਕਟਰ 56-ਏ ਦੇ ਉੱਤਰੀ ਕੋਨੇ ਤੇ ਸਥਿਤ ਹੈ ਤੋਂ ਮੌਜੂਦਾ ਲਿਮਟ ਜੋ ਕਿ ਚੰਡੀਗੜ੍ਹ (ਯੂ.ਟੀ.) ਅਤੇ ਐਸ.ਏ.ਐਸ.ਨਗਰ ਦੀ ਬਾਊਂਡਰੀ ਹੈ ਤੇ ਪੂਰਬੀ ਦਿਸ਼ਾ ਵੱਲ ਵੱਧਦੇ ਹੋਏ ਅਤੇ ਐਸ.ਏ.ਐਸ.ਨਗਰ ਦੇ ਸੈਕਟਰ 56(ਏ), 56 , 55, 54, 53, 52, 61, 51, 62, 63, 50, 49, 64, 65, 65 ਏ, 48 ਜੋ ਕਿ ਚੰਡੀਗੜ੍ਹ ਦੀ ਹੱਦ ਦੇ ਨਾਲ-ਨਾਲ ਚੱਲਦੇ ਹੋਏ ਰੇਲਵੇ ਲਾਈਨ ਨੂੰ ਲੱਗਦੇ ਬਿੰਦੂ B ਤੱਕ ਤੋਂ ਉੱਤਰੀ ਪੂਰਬੀ ਬਾਂਹੀ ਤੇ ਚਲਦੇ ਹੋਏ ਰੇਲਵੇ ਲਾਈਨ ਦੇ ਨਾਲ ਨਾਲ ਖੱਬੇ ਪਾਸੇ ਨੂੰ ਚਲਦੇ ਹੋਏ ਚੰਡੀਗੜ੍ਹ ਦੀ ਬਾਊਂਡਰੀ/ਹੱਦ ਤੱਕ ਪੰਜਾਬ ਰਾਜ ਅਧੀਨ ਆਉਂਦਾ ਹਿੱਸੇ ਦੇ ਆਖਰੀ ਕੋਨੇ ਤੇ ਬਿੰਦੂ B ਦਰਸਾਇਆ ਗਿਆ ਹੈ।

**ਪੂਰਬ :-** ਬਿੰਦੂ B ਤੋਂ ਦੱਖਣੀ ਦਿਸ਼ਾ ਵੱਲ ਰੇਲਵੇ ਲਾਈਨ ਦੇ ਨਾਲ-ਨਾਲ ਖੱਬੇ ਪਾਸੇ ਚਲਦੇ ਹੋਏ ਸੈਕਟਰ 48, 65 ਅਲਫਾ ਦੇ ਦੱਖਣ ਪੂਰਬੀ ਕੋਨੇ ਤੇ ਰੇਲਵੇ ਲਾਈਨ ਦੇ ਨਾਲ ਪੁਆਇੰਟ C ਤੱਕ, ਜੋ ਕਿ ਸੈਕਟਰ 66 (ਅਲਫਾ) ਦੀ ਉੱਤਰ ਪਛਮੀ ਦਿਸ਼ਾ ਅਤੇ ਰੇਲਵੇ ਲਾਈਨ ਦਾ ਆਪਸੀ ਮਿਲਾਨ ਬਿੰਦੂ ਹੈ। ਬਿੰਦੂ C ਤੋਂ ਦੱਖਣੀ ਬਾਂਹੀ ਤੇ ਚਲਦੇ ਹੋਏ ਸੈਕਟਰ 66 (ਅਲਫਾ) ਦੇ ਦੱਖਣ ਪਛਮੀ ਕੋਨੇ ਤੇ ਰੇਲਵੇ ਲਾਈਨ ਦੇ ਨਾਲ ਚਲਦੇ ਹੋਏ ਬਿੰਦੂ D ਤੱਕ । ਬਿੰਦੂ B ਤੋਂ ਬਿੰਦੂ D ਤੱਕ ਵਾਲੀ ਬਾਊਂਡਰੀ ਦੀ ਪੂਰਬੀ ਹੱਦ ਬਿਲਕੁਲ ਰੇਲਵੇ ਲਾਈਨ ਦੇ ਨਾਲ-ਨਾਲ ਹੋਵੇਗੀ। ਬਿੰਦੂ D ਤੋਂ ਪੂਰਬ ਵੱਲ ਨੂੰ ਚਲਦੇ ਹੋਏ ਪਿੰਡ ਪਾਪੜੀ ਅਤੇ ਸੈਕਟਰ 66 (ਅਲਫਾ) ਦੇ ਪੂਰਬ ਦੱਖਣੀ ਅਤੇ ਮਿਕਸ ਲੈਂਡ ਯੂਜ 1 ਦੇ ਮਿਲਾਨ ਵਾਲੇ ਬਿੰਦੂ ਤੇ ਬਿੰਦੂ E ਤੱਕ, ਬਿੰਦੂ E ਤੋਂ ਉੱਤਰ ਦਿਸ਼ਾ ਵੱਲ ਵਧਦੇ ਹੋਏ ਪਿੰਡ ਚਾਚੂ ਮਾਜਰਾ, ਸੈਕਟਰ 66 ਬੀਟਾ ਦੇ ਦੱਖਣ ਪਛਮੀ ਅਤੇ ਮਿਕਸ ਲੈਂਡ ਯੂਜ 1 ਦੇ ਮਿਲਾਨ ਤੇ ਬਿੰਦੂ F ਤੱਕ। ਬਿੰਦੂ F ਤੋਂ ਪਿੰਡ ਚਾਚੂ ਮਾਜਰਾ ਅਤੇ ਪਿੰਡ ਰੁੜਕਾ ਦੀ ਬਾਊਂਡਰੀ ਦੇ ਨਾਲ ਉੱਤਰ ਵੱਲ ਨੂੰ ਚਲਦੇ ਹੋਏ ਬਿੰਦੂ G ਤੱਕ। ਬਿੰਦੂ G ਤੋਂ ਪੂਰਬੀ ਬਾਂਹੀ ਤੇ ਚਲਦੇ ਹੋਏ ਪਿੰਡ ਰੁੜਕਾ ਦੀ ਹੱਦ ਨਾਲ ਚੱਲਦੇ ਹੋਏ ਸੈਕਟਰ 66 ਬੀਟਾ ਦੇ ਉੱਤਰ ਪੂਰਬੀ ਕੋਨੇ ਤੇ ਸੈਕਟਰ ਰੋਡ ਨੂੰ ਕਰਾਸ ਕਰਦੇ ਹੋਏ ਬਿੰਦੂ H ਤੱਕ। ਬਿੰਦੂ H ਤੋਂ ਸੈਕਟਰ 66 ਬੀਟਾ ਦੀ ਪੂਰਬੀ ਬਾਂਹੀ ਦੇ ਨਾਲ ਲਗਦੀ ਸੈਕਟਰ ਰੋਡ ਨਾਲ ਚਲਦੇ ਹੋਏ ਮਿਕਸ ਲੈਂਡ ਯੂਜ 1 ਅਤੇ ਸੈਕਟਰ 66 ਬੀਟਾ ਦੀ ਦੱਖਣ ਪੂਰਬੀ ਦਿਸ਼ਾ ਦੇ ਮਿਲਾਨ ਤੇ ਬਿੰਦੂ I ਤੱਕ। ਬਿੰਦੂ I ਤੋਂ ਪੂਰਬੀ ਦਿਸ਼ਾ ਵੱਲ ਮਿਕਸ ਲੈਂਡ ਯੂਜ 1 ਦੀ ਹੱਦ ਨਾਲ ਚਲਦੇ ਹੋਏ ਬਿੰਦੂ J ਜੋ ਕਿ ਗਮਾਡਾ ਐਰੋਸਿਟੀ ਅਤੇ ਪਿੰਡ ਨਰਾਇਣ-ਗੜ ਨੂੰ ਲੰਘਦੇ ਹੋਏ ਸੈਕਟਰ ਰੋਡ ਨੂੰ ਕਵਰ ਕਰਦੇ ਹੋਏ ਅਖੀਰਲੇ ਛੋਰ ਤੇ ਪੈਂਦਾ ਹੈ,ਬਿੰਦੂ J ਤੋਂ ਮਿਕਸ ਲੈਂਡ ਯੂਜ 1 ਦੀ ਪੂਰਬੀ ਬਾਂਹੀ ਨਾਲ ਪੈਂਦੀ ਸੜਕ ਦੇ ਨਾਲ ਚਲਦੇ ਹੋਏ ਬਿੰਦੂ K ਤੱਕ, ਬਿੰਦੂ K ਤੋਂ ਪੱਛਮ ਵੱਲ ਨੂੰ ਸੈਕਟਰ 82 ਅਲਫਾ ਦੇ ਉੱਤਰ-ਪੂਰਬੀ ਸਿਰੇ ਤੇ ਬਿੰਦੂ L ਤੱਕ।

**ਦੱਖਣ-ਪੂਰਬੀ:-** ਬਿੰਦੂ L ਤੋਂ ਦੱਖਣ ਵੱਲ ਨੂੰ ਚਲਦੇ ਹੋਏ ਸੈਕਟਰ 82 (ਅਲਫਾ) ਅਤੇ ਸੈਕਟਰ 83 ਅਲਫਾ ਦੀ ਸੈਕਟਰ ਰੋਡ ਨਾਲ ਚਲਦੇ ਹੋਏ ਸੈਕਟਰ 83 (ਅਲਫਾ) ਦੇ ਦੱਖਣ-ਪੂਰਬੀ ਕੋਨੇ ਤੇ ਬਿੰਦੂ M ਤੱਕ। ਬਿੰਦੂ M ਤੋਂ ਪੱਛਮ ਵੱਲ ਨੂੰ ਚਲਦੇ ਹੋਏ ਸੈਕਟਰ 83 (ਅਲਫਾ) ਦੇ ਦੱਖਣ-ਪੱਛਮੀ ਕੋਨੇ ਤੇ ਬਿੰਦੂ N ਤੱਕ ਜੋ ਕਿ ਸੈਕਟਰ 83, 83 (ਅਲਫਾ),101 (ਅਲਫਾ) ਅਤੇ ਸੈਕਟਰ 101 ਦੇ ਮਿਲਾਨ ਤੇ ਹੈ।ਬਿੰਦੂ N ਤੋਂ ਉੱਤਰ ਵੱਲ ਨੂੰ ਸੈਕਟਰ 83 (ਅਲਫਾ) ਦੀ ਸੈਕਟਰ ਰੋਡ ਨਾਲ ਚਲਦੇ ਹੋਏ ਸੈਕਟਰ 82 (ਅਲਫਾ) ਅਤੇ ਸੈਕਟਰ 82 ਦੇ ਸੈਕਟਰ ਰੋਡ ਦੇ ਮਿਲਾਨ ਤੇ ਬਿੰਦੂ O ਤੱਕ। ਬਿੰਦੂ O ਤੋਂ ਪੱਛਮ ਵੱਲ ਚਲਦੇ ਹੋਏ ਸੈਕਟਰ 82, 81 ਦੀ ਸੈਕਟਰ ਰੋਡ ਦੇ ਨਾਲ-ਨਾਲ ਚਲਦੇ ਹੋਏ ਸੈਕਟਰ 80, ਸੈਕਟਰ 81, ਸੈਕਟਰ 84 ਅਤੇ ਸੈਕਟਰ 85 ਦੇ ਮਿਲਾਨ ਤੇ ਬਿੰਦੂ P ਤੱਕ।

**ਦੱਖਣ :-** ਬਿੰਦੂ P ਤੋਂ ਸੈਕਟਰ 85 ਦੀ ਪੂਰਬੀ ਬਾਂਹੀ ਤੇ ਚਲਦੇ ਹੋਏ ਬਿੰਦੂ Q ਤੱਕ ਜੋ ਕਿ ਸੈਕਟਰ 85 ਦੇ ਦੱਖਣ-ਪੂਰਬੀ ਕੋਨੇ ਤੇ ਪੈਂਦਾ ਹੈ। ਬਿੰਦQ ਤੋਂ ਸੈਕਟਰ 85, 86 ਦੀ ਦੱਖਣੀ ਬਾਂਹੀ ਤੇ ਚਲਦੇ ਹੋਏ ਬਿੰਦੂ R ਤੱਕ ਜੋ ਕਿ ਸੈਕਟਰ 86 ਦਾ ਦੱਖਣ-ਪਛਮੀ ਕੋਨਾ ਹੈ। ਬਿੰਦੂ R ਤੋਂ ਸੈਕਟਰ 86, 79, 78 ਦੇ ਮਿਲਾਨ ਵਾਲੇ ਸੈਕਟਰ ਰੋਡ ਤੇ ਬਿੰਦੂ S ਤੱਕ। ਬਿੰਦੂ S ਤੋਂ ਸੈਕਟਰ 78 ਦੀ ਦੱਖਣੀ ਬਾਂਹੀ ਤੇ ਸੈਕਟਰ 77 ਅਤੇ ਸੈਕਟਰ 88 ਦੇ ਉੱਤਰ-ਪੂਰਬੀ

ਮਿਲਾਨ ਬਿੰਦੂ ਵਾਲੇ ਸੈਕਟਰ ਰੋਡ ਤੇ ਬਿੰਦੂ T ਤੱਕ। ਬਿੰਦੂ T ਤੋਂ ਦੱਖਣ ਦਿਸ਼ਾ ਵੱਲ ਚਲਦੇ ਹੋਏ ਸੈਕਟਰ 88 ਦੇ ਦੱਖਣ ਪੂਰਬੀ ਕੋਨੇ ਤੇ ਬਿੰਦੂ U ਤੱਕ। ਬਿੰਦੂ U ਤੋਂ ਪੱਛਮ ਦਿਸ਼ਾ ਵੱਲ ਚਲਦੇ ਹੋਏ ਬਿੰਦੂ V ਤੱਕ ਜੋ ਕਿ ਸੈਕਟਰ 89, 90 ਅਤੇ ਸੈਕਟਰ 94 ਦੇ ਮਿਲਾਨ ਤੇ ਪੈਂਦਾ ਹੈ। ਬਿੰਦੂ V ਤੋਂ ਦੱਖਣ ਵੱਲ ਸੈਕਟਰ 94 ਦੀ ਸੈਕਟਰ ਬਾਊਂਡਰੀ ਨਾਲ-ਨਾਲ ਚਲਦੇ ਹੋਏ ਬਿੰਦੂ W ਤੱਕ ਜੋ ਕਿ ਸੈਕਟਰ 94 ਦੇ ਦੱਖਣ-ਪੂਰਬੀ ਕੋਨ ਤੇ ਪੈਂਦਾ ਹੈ । ਬਿੰਦੂ W ਤੋਂ ਪੱਛਮੀ ਬਾਂਹੀ ਤੇ ਸੈਕਟਰ 93, ਲਾਂਡਰਾਂ ਗੋਲਫ ਕੋਰਸ/ਸਪੋਰਟਸ ਅਤੇ ਰਿਕਿਰਿਏਸ਼ਨ, 92 (ਅਲਫਾ) ਦੇ ਨਾਲ-ਨਾਲ ਚਲਦੇ ਹੋਏ ਸੈਕਟਰ 116 (ਪਿੰਡ ਚਪੜਚਿੜੀ ਖੁਰਦ, ਲਾਂਡਰਾ ਅਤੇ ਚਪੜਚਿੜੀ ਕਲਾਂ ਨੂੰ ਵਿੱਚ ਲੈਂਦੇ ਹੋਏ) ਦੇ ਦੱਖਣ-ਪਛਮੀ ਕੋਨੇ ਤੇ ਜਿੱਥੇ ਤੱਕ ਕਿ ਗਮਾਡਾ ਦੀ ਹੱਦ ਹੈ ਤੱਕ ਦੇ ਏਰੀਆ ਨੂੰ ਕਵਰ ਕਰਦੇ ਹੋਏ ਬਿੰਦੂ X ਤੱਕ।

**ਦੱਖਣ-ਪਛਮੀ:**-ਬਿੰਦੂ X ਤੋਂ ਨਗਰ ਕੌਂਸਲ, ਖਰੜ ਦੀ ਹੱਦ ਦੇ ਨਾਲ-ਨਾਲ ਚੱਲਦੇ ਹੋਏ ਬਿੰਦੂ Y ਅਤੇ ਬਿੰਦੂ Z ਤੱਕ।ਬਿੰਦੂ Z ਤੋਂ ਨਗਰ ਕੌਂਸਲ, ਖਰੜ ਦੀ ਹੱਦ ਦੇ ਨਾਲ-ਨਾਲ ਉੱਤਰ ਵੱਲ ਨੂੰ ਚਲਦੇ ਹੋਏ ਨੈਸ਼ਨਲ ਹਾਈਵੇ ਨੰਬਰ 5-ਲੁਧਿਆਣਾ-ਚੰਡੀਗੜ੍ਹ ਨੂੰ ਕਰਾਸ ਕਰਦੇ ਹੋਏ ਬਿੰਦੂ A1 ਤੱਕ। ਫਿਰ ਬਿੰਦੂ A1 ਤੋਂ ਨੈਸ਼ਨਲ ਹਾਈਵੇ ਲੁਧਿਆਣਾ-ਚੰਡੀਗੜ੍ਹ ਦੇ ਨਾਲ-ਨਾਲ ਚੱਲਦੇ ਹੋਏ ਸੈਕਟਰ 121 ਦੇ ਨਾਲ ਏ.ਟੀ.ਐਸ CASA ESPENA ਦੀ ਮੌਜੂਦਾ ਪੱਛਮੀ ਬਾਊਂਡਰੀ ਦੀਵਾਰ ਤੇ ਬਿੰਦੂ B1 ਤੱਕ। ਇਸ ਬਿੰਦੂ ਤੋਂ ਪੂਰਬ ਵੱਲ ਨੂੰ ਜਾਂਦੇ ਹੋਏ ਏ.ਟੀ.ਐਸ CASA ESPENA ਦੀ ਬਾਊਂਡਰੀ ਵਾਲ ਅਤੇ ਵੇਰਕਾ ਪਲਾਂਟ ਦੇ ਅਖੀਰਲੇ ਕੋਨੇ ਤੇ ਬਿੰਦੂ C1 ਤੱਕ। ਬਿੰਦੂ C1 ਤੋਂ ਉੱਤਰ ਵੱਲ ਨੂੰ ਜਾਂਦੇ ਹੋਏ ਸੈਕਟਰ 121 ਦੇ ਨਾਲ ਸੈਕਟਰ 57 ਜਿੱਥੇ ਮਿਉਂਸਪਲ ਕਾਰਪੋਰੇਸ਼ਨ ਦੀ ਮੌਜੂਦਾ ਹਦੂਦ ਹੈ ਤੇ ਬਿੰਦੂ D1 ਤੱਕ। ਬਿੰਦੂ D1 ਤੋਂ ਉੱਤਰ ਵੱਲ ਚਲਦੇ ਹੋਏ ਸੈਕਟਰ 56 (ਅਲਫਾ) ਤੇ ਸਥਿਤ ਸ਼ੁਰੂਆਤੀ ਬਿੰਦੂ A ਤੱਕ।

ਨੋਟ:- ਉਕਤ ਸ਼ਡਿਊਲ ਆਫ ਬਾਊਂਡਰੀ ਦੇ ਅਧੀਨ ਕਵਰ ਹੁੰਦੇ ਏਰੀਆ ਵਿੱਚ ਐਸ.ਏ.ਐਸ ਨਗਰ ਵੱਲੋਂ ਕੇਵਲ ਸੈਕਟਰ ਦੇ ਅੰਦੂਰਨੀ ਰੋਡਾਂ ਨੂੰ ਹੀ ਹਦੂਦ ਵਿੱਚ ਸ਼ਾਮਿਲ ਕੀਤਾ ਗਿਆ ਹੈ। ਉਕਤ ਏਰੀਆ ਦੇ ਨਾਲ ਲੱਗਦੇ ਵੱਡੇ ਸੈਕਟਰ ਰੋਡ ਗਮਾਡਾ ਅਧੀਨ ਹੀ ਮੰਨੇ ਜਾਣਗੇ।

ਸਹੀ/-

**ਤੇਜਵੀਰ ਸਿੰਘ, ਆਈ.ਏ.ਐਸ.**

ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ ,

ਸਥਾਨਕ ਸਰਕਾਰ ਵਿਭਾਗ

ਚੰਡੀਗੜ੍ਹ

ਮਿਤੀ 28 ਨਵੰਬਰ, 2025

*3569/11-2025/Pb. Govt. Press, S.A.S. Nagar*